National Research Journal of Social Sciences
Volume-11, Issue-1, January-June 2026
PP: 278-282
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮੌਤ ਦੀ ਚੇਤਨਾ ਦਾ ਸੰਕਲਪ

**ਜਗਤਾਰ ਸਿੰਘ**

ਯੂਨੀਵਰਸਿਟੀ ਕਾਲਜ ਬੇਨੜਾ

**ਸਾਰੰਸ਼:**

ਇਹ ਖੋਜ ਪੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿੱਚ ਪ੍ਰਗਟਾਏ ਗਏ ਮੌਤ ਦੇ ਸੰਕਲਪ ਦਾ ਵਿਸਥਾਰਪੂਰਵਕ ਅਧਿਐਨ ਕਰਦਾ ਹੈ। ਗੁਰੂ ਸਾਹਿਬ ਦੀ ਵਿਚਾਰਧਾਰਾ ਵਿੱਚ, ਮੌਤ ਕੇਵਲ ਜੀਵਨ ਦਾ ਅੰਤ ਨਹੀਂ, ਸਗੋਂ ਇਹ ਮਨੁੱਖ ਨੂੰ ਸੰਸਾਰ ਦੀ ਨਾਸ਼ਮਾਨਤਾ ਅਤੇ ਪਦਾਰਥਵਾਦੀ ਮੋਹ ਦੀ ਅਸਥਿਰਤਾ ਦਾ ਅਹਿਸਾਸ ਕਰਵਾ ਕੇ ਆਤਮਿਕ ਜਾਗ੍ਰਿਤੀ ਵੱਲ ਪ੍ਰੇਰਿਤ ਕਰਨ ਵਾਲਾ ਇੱਕ ਕੇਂਦਰੀ ਧੁਰਾ ਹੈ।

ਖੋਜ ਪੱਤਰ ਪਹਿਲਾਂ ਮੌਤ ਦੇ ਵਿਸ਼ੇ 'ਤੇ ਪ੍ਰਚਲਿਤ ਭਾਰਤੀ ਅਤੇ ਪੱਛਮੀ ਦਾਰਸ਼ਨਿਕ ਦ੍ਰਿਸ਼ਟੀਕੋਣਾਂ ਦੀ ਤੁਲਨਾਤਮਿਕ ਸਮੀਖਿਆ ਦੇ ਆਧਾਰ 'ਤੇ ਗੁਰੂ ਸਾਹਿਬ ਦੇ ਸੰਕਲਪ ਦੀ ਵਿਲੱਖਣਤਾ ਨੂੰ ਉਹਨਾਂ ਦੀ ਬਾਣੀ ਦੇ ਹਵਾਲਿਆਂ ਰਾਹੀਂ ਸਥਾਪਿਤ ਕਰਦਾ ਹੈ।

ਗੁਰੂ ਜੀ ਦੀ ਸ਼ਹਾਦਤ ਨੂੰ ਇਸ ਦਾਰਸ਼ਨਿਕ ਸੰਕਲਪ ਦਾ ਅਮਲੀ ਸਿਖਰ ਮੰਨਿਆ ਗਿਆ ਹੈ, ਜਿੱਥੇ ਸੀਸ ਦੇ ਕੇ ਵੀ ਸਿਦਕ ਨਾ ਹਾਰਨਾ ਦਰਸਾਉਂਦਾ ਹੈ ਕਿ ਧਰਮ ਅਤੇ ਸਿਧਾਂਤ ਦੀ ਆਤਮਾ ਸਰੀਰਕ ਮੌਤ ਨਾਲੋਂ ਕਿਤੇ ਵੱਧ ਅਮਰ ਹੈ।

**ਪ੍ਰਮੁੱਖ ਨੁਕਤੇ**:

ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਸੰਬੰਧੀ ਕੁੱਝ ਇਤਿਹਾਸਿਕ ਵੇਰਵੇ, ਪੱਛਮੀ ਅਤੇ ਭਾਰਤੀ ਪ੍ਰੰਪਰਾਵਾਂ ਵਿੱਚ ਮੌਤ ਦੇ ਸੰਕਲਪ ਸੰਬੰਧੀ ਵਿਚਾਰ, ਗੁਰੂ ਤੇਗ ਬਹਾਦੁਰ ਜੀ ਅਨੁਸਾਰ ਮੌਤ ਦਾ ਸੰਕਲਪ ਅਤੇ ਇਸਦੀ ਵਿਲੱਖਣਤਾ।

ਕਿਸੇ ਵੀ ਸਾਹਿਤਕਾਰ ਦੀ ਰਚਨਾ ਉਸ ਦੇ ਜੀਵਨ ਦਰਸ਼ਨ ਅਤੇ ਵਿਚਾਰਧਾਰਾ ਵਿੱਚੋਂ ਝਲਕਦੀ ਹੈ। ਕਿਸੇ ਵਿਅਕਤੀ ਦੇ ਜੀਵਨ ਦਰਸ਼ਨ ਅਤੇ ਵਿਚਾਰਧਾਰਾ ਨੂੰ ਨਿਰਧਾਰਿਤ ਕਰਨ ਵਿੱਚ ਤਤਕਾਲੀ ਸਮਾਜਿਕ ਅਤੇ ਇਤਿਹਾਸਿਕ ਪ੍ਰਸੰਗ ਕਾਰਜਸ਼ੀਲ ਰਹਿੰਦੇ ਹਨ। ਇਸ ਲਈ ਕਿਸੇ ਵੀ ਸਾਹਿਤਕਾਰ ਦੀ ਰਚਨਾ ਦੀ ਸੁਚੱਜੀ ਸਮਝ ਲਈ ਉਸਦੇ ਜੀਵਨ ਵੇਰਵਿਆਂ ਤੇ ਪੰਛੀ ਝਾਤ ਮਾਰਨੀ ਜਰੂਰੀ ਹੁੰਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਰਚਨਾ ਬਾਰੇ ਗੱਲ ਕਰਨ ਤੋਂ ਪਹਿਲਾਂ ਉਹਨਾਂ ਦੇ ਜੀਵਨ ਨਾਲ ਜੁੜੀਆਂ ਕੁਝ ਮਹੱਤਵਪੂਰਨ ਘਟਨਾਵਾਂ ਬਾਰੇ ਜਾਨਣਾ ਜਰੂਰੀ ਹੈ।

ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਈਸਵੀ ਨੂੰ ਅੰਮ੍ਰਿਤਸਰ ਵਿਖੇ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਹੋਇਆ। ਇਹਨਾਂ ਦਾ ਬਚਪਨ ਦਾ ਨਾਂ ਤਿਆਗ ਮੱਲ ਸੀ। 1635 ਈਸਵੀ ਵਿੱਚ ਆਪ ਦੇ ਪਿਤਾ ਜੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਮੁਗਲਾਂ ਨਾਲ ਕਰਤਾਰਪੁਰ ਦੀ ਜੰਗ ਸਮੇਂ ਬਾਲ ਉਮਰ ਵਿੱਚ ਆਪ ਨੇ ਤਲਵਾਰ (ਤੇਗ) ਨਾਲ ਅਨੋਖੇ ਜੌਹਰ ਦਿਖਾਏ। ਇਸ ਜੰਗ ਤੋਂ ਬਾਅਦ ਆਪ ਜੀ ਦਾ ਨਾਂ ਤੇਗ ਬਹਾਦਰ ਪੈ ਗਿਆ।

ਸਿੱਖਾਂ ਦੇ ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਅਕਾਲ ਚਲਾਣੇ ਦੇ ਸਮੇਂ ਜਦੋਂ ਸਿੱਖ ਸੰਗਤਾਂ ਨੇ ਉਹਨਾਂ ਤੋਂ ਪੁੱਛਿਆ ਕਿ ਸਿੱਖ ਕੌਮ ਦੀ ਅਗਵਾਈ ਹੁਣ ਕੌਣ ਕਰੇਗਾ, ਸਾਡਾ ਗੁਰੂ ਕੌਣ ਹੋਵੇਗਾ ਤਾਂ ਉਹਨਾਂ ਨੇ ਅੰਤਿਮ ਸਮੇਂ ਸਿਰਫ 'ਬਾਬਾ ਬਕਾਲਾ' ਕਿਹਾ। ਬਕਾਲੇ ਵਿਖੇ ਆਪਣੇ ਆਪ ਨੂੰ ਗੁਰਗੱਦੀ ਦੇ ਦਾਅਵੇਦਾਰ ਦੱਸਣ ਲਈ 22 ਵਿਅਕਤੀਆਂ ਵੱਲੋਂ ਆਪਣੀਆਂ ਮੰਜੀਆਂ ਸਥਾਪਿਤ ਕਰ ਲਈਆਂ ਗਈਆਂ। ਬਕਾਲਾ ਗੁਰੂ ਤੇਗ ਬਹਾਦਰ ਜੀ ਦਾ ਨਾਨਕਾ ਪਿੰਡ ਸੀ। ਇਸ ਵੇਲੇ ਗੁਰੂ ਤੇਗ ਬਹਾਦਰ ਜੀ ਵੀ ਬਕਾਲੇ ਵਿਖੇ ਪਰਮਾਤਮਾ ਦੀ ਬੰਦਗੀ ਵਿੱਚ ਲੀਨ ਸੀ। ਇੱਕ ਅਮੀਰ ਸਿੱਖ ਵਪਾਰੀ ਮੱਖਣ ਸ਼ਾਹ ਲੁਬਾਣਾ ਨੇ ਵਪਾਰਕ ਨੁਕਸਾਨ ਤੋਂ ਬਚਣ ਲਈ ਸੋਨੇ ਦੀਆਂ 500 ਮੋਹਰਾਂ ਗੁਰੂ ਘਰ ਲਈ ਸੁੱਖ ਲਈਆਂ ਸਨ। ਪ੍ਰੰਤੂ ਜਦੋਂ ਉਸ ਨੇ ਬਕਾਲੇ ਆ ਕੇ ਦੇਖਿਆ ਤਾਂ ਬਾਈ ਮੰਜੀਆਂ ਉੱਪਰ ਵੱਖ ਵੱਖ ਗੁਰੂ ਸ਼ੁਸੋਭਿਤ ਸਨ। ਉਸ ਨੇ ਆਪਣੀ ਸਿਆਣਪ ਤੋਂ ਕੰਮ ਲੈਂਦਿਆਂ ਸਾਰੇ ਵਿਅਕਤੀਆਂ ਅੱਗੇ ਦੋ-ਦੋ ਮੋਹਰਾਂ ਅਰਪਣ ਕੀਤੀਆਂ। ਸਾਰੇ ਉਸ ਨੂੰ ਆਸ਼ੀਰਵਾਦ ਦਿੰਦੇ ਗਏ ਪਰ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਆਏ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਹੱਥ ਅੱਗੇ ਕਰਕੇ ਕਿਹਾ ਕਿ ਤੁਸੀਂ ਗੁਰੂ ਦੇ ਨਾਲ ਧੋਖਾ ਕਰ ਰਹੇ ਹੋ ਕਿਉਂਕਿ ਤੁਸੀਂ ਸੁੱਖੀਆਂ ਹੋਈਆਂ 500 ਸੋਨੇ ਦੀਆਂ ਮੋਹਰਾਂ ਬਦਲੇ ਸਿਰਫ ਦੋ ਮੋਹਰਾਂ ਹੀ ਦੇ ਰਹੇ ਹੋ। ਇਸ ਤੋਂ ਬਾਅਦ ਮੱਖਣ ਸ਼ਾਹ ਲੁਬਾਣੇ ਨੇ ਕੋਠੇ ਉੱਪਰ ਚੜ੍ਹ ਕੇ ਸਿੱਖ ਸੰਗਤਾਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ, "ਗੁਰੂ ਲਾਧੋ ਰੇ" "ਗੁਰੂ ਲਾਧੋ ਰੇ" ਮਤਲਬ ਕਿ ਮੈਨੂੰ ਸੱਚਾ ਗੁਰੂ ਮਿਲ ਗਿਆ ਹੈ। ਇਸ ਪ੍ਰਕਾਰ ਗੁਰੂ ਤੇਗ ਬਹਾਦਰ ਜੀ ਦੀ ਗੁਰੂ ਵਜੋਂ ਚੋਣ ਸਮੂਹ ਸੰਗਤ ਦੀ ਹਾਜ਼ਰੀ ਵਿੱਚ ਅਨੋਖੇ ਢੰਗ ਨਾਲ 1664 ਈਸਵੀ ਨੂੰ ਹੋਈ। ਗੁਰੂ ਪਰੰਪਰਾ ਵਿੱਚ ਇਹ ਇੱਕ ਵਿਲੱਖਣ ਤਰੀਕੇ ਦੀ ਚੋਣ ਸੀ। 1664 ਈਸਵੀ ਤੋਂ ਆਪਣੀ ਸ਼ਹਾਦਤ 1675 ਤੱਕ ਆਪ ਸਿੱਖਾਂ ਦੇ ਨੌਵੇਂ ਗੁਰੂ ਵਜੋਂ ਕਾਰਜਸ਼ੀਲ ਰਹੇ ਅਤੇ ਸਿੱਖੀ ਦੇ ਪ੍ਰਸਾਰ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਪ੍ਰਚਾਰ ਕਰਨ ਲਈ ਗਏ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਪ੍ਰਚਾਰ ਦੌਰਾਨ ਆਪ ਅੰਮ੍ਰਿਤਸਰ ਸਾਹਿਬ ਵਿਖੇ ਗਏ ਪਰ ਉੱਥੋਂ ਦੇ ਮਸੰਦਾਂ ਨੇ ਆਪ ਦਾ ਵਿਰੋਧ ਕੀਤਾ ਅਤੇ ਆਪ ਜੀ ਨੂੰ ਹਰਿਮੰਦਿਰ ਸਾਹਿਬ ਦੇ ਦਰਸ਼ਨ ਤੱਕ ਨਾ ਕਰਨ ਦਿੱਤੇ। ਇਸ ਘਟਨਾ ਤੋਂ ਬਾਅਦ ਆਪ ਜੀ ਨੂੰ ਸਿੱਖੀ ਦਾ ਪ੍ਰਚਾਰ ਕਰਨ ਲਈ ਇੱਕ ਵੱਖਰੇ ਅਤੇ ਪੱਕੇ ਕੇਂਦਰ ਦੀ ਲੋੜ ਮਹਿਸੂਸ ਹੋਈ।

ਆਪ ਖਡੂਰ ਸਾਹਿਬ, ਗੋਇੰਦਵਾਲ, ਹਰਿਆਣੇ ਦਾ ਬਾਂਗਰ ਦਾ ਇਲਾਕਾ, ਦਿੱਲੀ, ਆਗਰਾ, ਇਟਾਵਾ, ਕਾਨ੍ਹਪੁਰ, ਇਲਾਹਾਬਾਦ, ਬਨਾਰਸ ਹੁੰਦੇ ਹੋਏ ਪਟਨਾ ਸਾਹਿਬ (ਬਿਹਾਰ) ਵਿਖੇ ਪਹੁੰਚੇ। ਇੱਥੇ ਆਪਣੇ ਪਰਿਵਾਰ ਨੂੰ ਛੱਡ ਕੇ ਆਸਾਮ ਅਤੇ ਢਾਕਾ ਵਿਖੇ ਸਿੱਖੀ ਦਾ ਪ੍ਰਚਾਰ ਕਰਨ ਲਈ ਚਲੇ ਗਏ। ਪਟਨਾ ਸਾਹਿਬ ਵਿਖੇ ਹੀ 1666 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਵੀ ਆਪ ਪ੍ਰਚਾਰ ਯਾਤਰਾਵਾਂ ਤੇ ਸਨ। ਯਾਤਰਾਵਾਂ ਤੋਂ ਵਾਪਸੀ ਉਪਰੰਤ ਆਪ ਨੇ ਵੱਖਰੇ ਪ੍ਰਚਾਰ ਕੇਂਦਰ ਦੀ ਲੋੜ ਮਹਿਸੂਸ ਕਰਦਿਆਂ ਬਿਲਾਸਪੁਰ ਦੀ ਕਹਿਲੂਰ ਰਿਆਸਤ ਵਿੱਚ, ਹਿਮਾਚਲ ਦੀਆਂ ਪਹਾੜੀਆਂ ਨੇੜੇ, ਸਤਲੁਜ ਦਰਿਆ ਦੇ ਕੰਢੇ, ਮਾਖੋਵਾਲ ਵਿਖੇ, ਕਹਿਲੂਰ ਦੇ ਰਾਜੇ ਦੀਪ ਚੰਦ ਤੋਂ 1665 ਈਸਵੀ ਵਿੱਚ ਜਮੀਨ ਖਰੀਦ ਕੇ ਆਪਣੀ ਮਾਤਾ ਜੀ ਦੇ ਨਾਮ ਉੱਪਰ 'ਚੱਕ ਨਾਨਕੀ' ਨਾਂ ਦੇ ਸਥਾਨ ਦੀ ਸਥਾਪਨਾ ਕੀਤੀ। ਜਦੋਂ ਇਸ ਸਥਾਨ ਉੱਪਰ ਅਧਿਆਤਮਿਕ ਅਨੰਦ ਪਸਰਨ ਲੱਗਿਆ ਤਾਂ ਇਸ ਦਾ ਨਾਂ ਆਨੰਦਪੁਰ ਹੋ ਗਿਆ। ਆਨੰਦਪੁਰ ਦੀ ਸਥਾਪਨਾ ਸਿੱਖ ਇਤਿਹਾਸ ਵਿੱਚ ਇੱਕ ਮਹਾਨ ਕ੍ਰਾਂਤੀਕਾਰੀ ਘਟਨਾ ਹੈ, ਜਿਸ ਨੇ ਪੂਰੇ ਸਿੱਖ ਇਤਿਹਾਸ ਨੂੰ ਪ੍ਰਭਾਵਿਤ ਕੀਤਾ। ਇੱਥੇ ਉਹ ਸਾਰੀਆਂ ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਅਕੈਡਮਿਕ ਗਤੀਵਿਧੀਆਂ ਹੋਣੀਆਂ ਸ਼ੁਰੂ ਹੋਈਆਂ ਜੋ ਇੱਕ ਵਿਕਸਿਤ ਨਗਰ ਵਿੱਚ ਹੁੰਦੀਆਂ ਹਨ।

ਗੁਰੂ ਗੋਬਿੰਦ ਸਿੰਘ ਅਤੇ ਮਾਤਾ ਗੁਜਰੀ ਜੀ ਪਰਿਵਾਰ ਅਤੇ ਸਾਕ ਸਬੰਧੀਆਂ ਸਮੇਤ 1670 ਈਸਵੀ ਵਿੱਚ ਇੱਥੇ ਆ ਗਏ ਸਨ। ਇੱਥੇ ਹੀ ਗੁਰੂ ਗੋਬਿੰਦ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੀ ਦੇਖ-ਰੇਖ ਹੇਠ ਸ਼ਸਤਰ ਸਿੱਖਿਆ ਅਤੇ ਧਾਰਮਿਕ ਵਿੱਦਿਆ ਪ੍ਰਾਪਤ ਕੀਤੀ। ਬਾਅਦ ਵਿੱਚ ਆਨੰਦਪੁਰ ਸਾਹਿਬ ਵਿਖੇ ਹੀ ਗੁਰੂ ਗੋਬਿੰਦ ਸਿੰਘ ਸਮੇਂ 52 ਵੱਖ-ਵੱਖ ਭਾਸ਼ਾਵਾਂ ਦੇ ਵਿਦਵਾਨ ਸਾਹਿਤ ਸਿਰਜਣਾ ਕਰਦੇ ਰਹੇ। ਇੱਥੇ ਹੀ ਸਿੱਖ ਧਰਮ ਨੂੰ ਨਵਾਂ ਮੋੜ ਦੇਣ ਵਾਲੀ ਕ੍ਰਾਂਤੀਕਾਰੀ ਘਟਨਾ 1699 ਈਸਵੀ ਨੂੰ 'ਖਾਲਸੇ ਦੀ ਸਾਜਨਾ' ਹੋਈ।

ਔਰੰਗਜ਼ੇਬ ਕੱਟੜ ਸੁੰਨੀ ਮੁਸਲਮਾਨ ਸੀ। ਉਸ ਦਾ ਟੀਚਾ ਭਾਰਤ ਨੂੰ ਦਾਰ-ਉਲ- ਇਸਲਾਮ (ਇਸਲਾਮਿਕ ਸਟੇਟ) ਬਣਾਉਣ ਦਾ ਸੀ, ਜਿਸ ਤਹਿਤ ਉਹ ਗੈਰ ਮੁਸਲਿਮ ਲੋਕਾਂ ਨੂੰ ਜਬਰੀ ਇਸਲਾਮ ਕਬੂਲਣ ਲਈ ਮਜਬੂਰ ਕਰਦਾ ਸੀ। ਗੈਰ ਮੁਸਲਿਮ ਲੋਕਾਂ ਉੱਪਰ ਜਬਰਦਸਤੀ ਧਾਰਮਿਕ ਟੈਕਸ 'ਜਜੀਆ' ਲਗਾਇਆ ਗਿਆ। ਮੰਦਰ ਤੋੜਨੇ ਸ਼ੁਰੂ ਕਰ ਦਿੱਤੇ ਗਏ।

ਜੁਲਾਈ 1675 ਈਸਵੀ ਵਿੱਚ ਕਸ਼ਮੀਰੀ ਪੰਡਤਾਂ ਦਾ ਇੱਕ ਵਫ਼ਦ ਕਿਰਪਾ ਰਾਮ ਦੀ ਅਗਵਾਈ ਵਿੱਚ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਲੈ ਕੇ ਆਇਆ। ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਨੂੰ ਚੈਲੈਂਜ ਕੀਤਾ ਕਿ ਜੇਕਰ ਤੂੰ ਸਿਰਫ ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮ ਕਬੂਲ ਕਰਵਾ ਲਵੇਂ ਤਾਂ ਸਾਰਾ ਭਾਰਤ ਮੁਸਲਿਮ ਹੋ ਜਾਵੇਗਾ।

ਇਸ ਐਲਾਨ ਉਪਰੰਤ ਆਪ ਜੀ ਨੇ ਆਪਣੇ ਨਾਲ ਮਤੀ ਦਾਸ, ਸਤੀ ਦਾਸ, ਦਿਆਲਾ ਜੀ ਅਤੇ ਹੋਰ ਸਿੱਖਾਂ ਨੂੰ ਲੈ ਕੇ ਦਿੱਲੀ ਵੱਲ ਚਾਲੇ ਪਾ ਦਿੱਤੇ। ਰਸਤੇ ਵਿੱਚ ਸਰਹੰਦ ਦੇ ਮੁਗਲ ਸ਼ਾਸਕ ਨੇ ਆਪ ਨੂੰ ਮਲਕਪੁਰ ਰੰਗੜਾਂ ਨਾਂ ਦੇ ਪਿੰਡ ਕੋਲੋਂ ਅਗਸਤ 1675 ਨੂੰ ਗਿਰਫਤਾਰ ਕਰ ਲਿਆ। ਸਤੰਬਰ 1675 ਵਿੱਚ ਆਪ ਜੀ ਨੂੰ ਦਿੱਲੀ ਵਿਖੇ ਭੇਜ ਦਿੱਤਾ ਗਿਆ। ਲਗਾਤਾਰ ਕੈਦ ਵਿੱਚ ਰੱਖਣ ਤੋਂ ਬਾਅਦ ਨਵੰਬਰ 1675 ਨੂੰ ਆਪ ਨੂੰ ਇਸਲਾਮ ਕਬੂਲਣ ਲਈ ਕਿਹਾ ਗਿਆ। ਪਰ ਆਪ ਜੀ ਦੇ ਇਨਕਾਰ ਕਰਨ ਤੋਂ ਬਾਅਦ 11 ਨਵੰਬਰ 1675 ਤੋਂ ਬਾਅਦ ਆਪ ਦੇ ਸਾਹਮਣੇ ਆਪ ਜੀ ਦੇ ਸਾਥੀ ਸਿੱਖਾਂ ਨੂੰ ਸ਼ਹੀਦ ਕਰਨਾ ਸ਼ੁਰੂ ਕਰ ਦਿੱਤਾ ਗਿਆ। ਅਖੀਰ 24 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਨੂੰ ਵੀ ਦਿੱਲੀ ਦੇ ਭੀੜ ਵਾਲੇ ਇਲਾਕੇ ਚਾਂਦਨੀ ਚੌਂਕ ਵਿਖੇ ਸੀਸ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਪ੍ਰਕਾਰ ਆਪ ਨੇ ਮਨੁੱਖੀ ਅਧਿਕਾਰਾਂ ਅਤੇ ਭਾਰਤ ਦੀ ਵਿਭਿੰਨਤਾ ਲਈ ਆਪਣਾ ਬਲੀਦਾਨ ਦਿੱਤਾ।

ਗੁਰੂ ਤੇਗ ਬਹਾਦਰ ਜੀ ਨੇ ਜ਼ੁਲਮ ਦਾ ਟਾਕਰਾ ਕਰਨ ਸਮੇਂ ਵੀ ਆਪਣੀ ਬਹਾਦਰੀ ਦਾ ਸਬੂਤ ਦਿੱਤਾ। ਬਹਾਦਰ ਹੋਣ ਲਈ ਮੌਤ ਨੂੰ ਅਟੱਲ ਸੱਚਾਈ ਮੰਨ ਕੇ ਇਸ ਦੇ ਭੈਅ ਨੂੰ ਦਿਲ ਚੋਂ ਕੱਢਣਾ ਪੈਂਦਾ ਹੈ। ਮੌਤ ਦੇ ਭੈਅ ਤੋਂ ਮੁਕਤ ਹੋਣ ਲਈ ਸੰਸਾਰ ਦੀ ਨਾਸ਼ਮਾਨਤਾ ਦਾ ਗਿਆਨ ਹੋਣਾ ਜਰੂਰੀ ਹੈ। ਨਾਸ਼ਮਾਨਤਾ ਦੇ ਗਿਆਨ ਲਈ ਮੌਤ ਦੀ ਚੇਤਨਾ ਦਾ ਹੋਣਾ ਜਰੂਰੀ ਹੈ। ਮੌਤ ਦੀ ਚੇਤਨਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਕੇਂਦਰੀ ਜੁਗਤ ਹੈ।

ਗੁਰੂ ਤੇਗ ਬਹਾਦਰ ਜੀ ਦੀ ਰਚਨਾ ਨੂੰ ਜੇਕਰ ਸਰਲ ਭਾਸ਼ਾ ਵਿੱਚ ਲਿਖੀ ਫਿਲਾਸਫ਼ੀ ਕਹਿ ਦਿੱਤਾ ਜਾਵੇ ਤਾਂ ਇਸ ਵਿੱਚ ਕੁਝ ਵੀ ਅਤਿਕਥਨ ਯੋਗ ਨਹੀਂ ਹੋਵੇਗਾ। ਆਪ ਨੇ ਸੋਰਠ, ਗਉੜੀ, ਧਨਾਸਰੀ, ਬਸੰਤ, ਸਾਰੰਗ, ਜੈਜਾਵੰਤੀ ਅਤੇ ਦੇਵ ਕੰਧਾਰੀ ਆਦਿ ਰਾਗਾਂ ਦੀ ਵਰਤੋਂ ਕਰਦੇ ਹੋਏ 59 ਸ਼ਬਦ ਅਤੇ 57 ਸਲੋਕਾਂ ਦੀ ਰਚਨਾ ਕੀਤੀ।

ਉਹਨਾਂ ਦੀ ਬਾਣੀ 17ਵੀਂ ਸਦੀ ਦੇ ਉਸ ਸਮਾਜ ਨੂੰ ਸੰਬੋਧਿਤ ਹੈ ਜਿਸ ਵਿੱਚ ਧਾਰਮਿਕ ਕੱਟੜਤਾ ਦੀ ਆੜ ਹੇਠ ਦੂਸਰੇ ਫਿਰਕਿਆਂ ਉੱਪਰ ਰਾਜਨੀਤਿਕ ਅੱਤਿਆਚਾਰ ਹੋ ਰਹੇ ਸਨ। ਸ਼ਾਸਕ ਧਿਰ ਦੁਨਿਆਵੀ ਪਦਾਰਥਾਂ ਦੇ ਭੋਗ ਵਿਲਾਸ ਵਿੱਚ ਗ੍ਰਸਤ ਹੋ ਚੁੱਕੀ ਸੀ। ਗੁਰੂ ਤੇਗ ਬਹਾਦਰ ਜੀ ਨੇ ਦੁਨਿਆਵੀ ਪਦਾਰਥਾਂ ਦੀ ਨਾਸ਼ਮਾਨਤਾ ਅਤੇ ਪੂਰੇ ਸੰਸਾਰ ਨੂੰ ਇੱਕ ਨਾਟਕ ਵਜੋਂ ਦੇਖਦਿਆਂ ਉਪਦੇਸ਼ ਦਿੱਤਾ ਕਿ ਇੱਥੇ ਕੁਝ ਵੀ ਸਦੀਵੀ ਨਹੀਂ ਹੈ। ਨਾਸ਼ਵਾਨ ਸੰਸਾਰ ਤੋਂ ਮੁਕਤੀ ਲਈ ਉਨਾਂ ਨੇ ਮੌਤ ਦੀ ਚੇਤਨਾ ਨੂੰ ਦਾਰਸ਼ਨਿਕ ਹਥਿਆਰ ਵਜੋਂ ਆਪਣੀ ਰਚਨਾ ਦੇ ਵਿੱਚ ਕੇਂਦਰੀ ਸਥਾਨ ਦਿੱਤਾ।


© Copyright @ Authors

ਮੌਤ ਇੱਕ ਸਰਵ ਵਿਆਪਕ ਸੱਚ ਹੈ। ਦੁਨੀਆਂ ਭਰ ਦੀਆਂ ਅਧਿਆਤਮਿਕ ਅਤੇ ਦਾਰਸ਼ਨਿਕ ਪਰੰਪਰਾਵਾਂ ਵਿੱਚ ਮੌਤ ਦੇ ਸੰਕਲਪ ਦਾ ਚਿੰਤਨ ਹੋਇਆ ਹੈ।

ਪੱਛਮੀ ਅਤੇ ਭਾਰਤੀ ਫ਼ਲਸਫੇ ਵਿੱਚ ਮੌਤ ਦਾ ਚਿੰਤਨ:

ਪੱਛਮੀ ਫ਼ਲਸਫ਼ਾ ਮੌਤ ਨੂੰ ਆਤਮਾ ਦੀ ਅਮਰਤਾ ਜਾਂ ਚੇਤਨਾ ਦੇ ਅੰਤ ਵਜੋਂ ਪਰਿਭਾਸ਼ਿਤ ਕਰਦਾ ਹੈ। ਮੌਤ ਇੱਕ ਕੁਦਰਤੀ ਸੱਚਾਈ ਹੈ। ਇਸ ਦਾ ਫਿਕਰ ਕਰਨ ਦੀ ਬਜਾਏ ਮੌਜੂਦਾ ਜੀਵਨ ਦੇ ਸੁਹੱਪਣ ਤੇ ਕੇਂਦਰਿਤ ਹੋਣ ਤੇ ਜੋਰ ਦਿੰਦਾ ਹੈ।

ਪਲੈਟੋ ਅਨੁਸਾਰ ਮੌਤ ਆਤਮਾ ਦੀ ਮੁਕਤੀ ਹੈ। ਇਹ ਉਹ ਸਮਾਂ ਹੈ ਜਦੋਂ ਆਤਮਾ ਸਰੀਰ ਰੂਪੀ ਜੇਲ੍ਹ ਤੋਂ ਆਜ਼ਾਦ ਹੋ ਕੇ ਸੱਚੇ ਗਿਆਨ ਵੱਲ ਪਰਤਦੀ ਹੈ।

"ਮੌਤ ਤੋਂ ਬਾਅਦ, ਆਤਮਾ ਆਪਣੇ ਕਰਮਾਂ ਦੇ ਅਧਾਰ 'ਤੇ ਜਾਂ ਤਾਂ ਇਨਾਮ ਪ੍ਰਾਪਤ ਕਰਦੀ ਹੈ ਜਾਂ ਸਜ਼ਾ ਭੋਗਦੀ ਹੈ, ਅਤੇ ਫਿਰ ਅਗਲਾ ਜੀਵਨ ਚੁਣਦੀ ਹੈ। ਮੌਤ ਇੱਕ ਨਵਾਂ ਜਨਮ ਲੈਣ ਤੋਂ ਪਹਿਲਾਂ ਇੱਕ ਨਿਰਣਾਇਕ ਅਵਸਥਾ ਹੈ।"[1]

"ਮੌਤ ਸਾਡੇ ਲਈ ਕੁੱਝ ਨਹੀਂ ਹੈ ਕਿਉਂਕਿ ਜਦੋਂ ਅਸੀਂ ਹੁੰਦੇ ਹਾਂ ਤਾਂ ਮੌਤ ਨਹੀਂ ਹੁੰਦੀ ਅਤੇ ਜਦੋਂ ਮੌਤ ਮੌਜੂਦ ਹੁੰਦੀ ਹੈ ਤਾਂ ਅਸੀਂ ਮੌਜੂਦ ਨਹੀਂ ਹੁੰਦੇ।"[2]

"ਮੌਤ ਹਮੇਸ਼ਾ ਨੇੜੇ ਹੈ। ਇਸ ਲਈ ਆਪਣੇ ਮੌਜੂਦਾ ਜੀਵਨ ਵਿੱਚ ਚੰਗੇ ਕਰਮ ਕਰੋ ਅਤੇ ਸਮਾਂ ਬਰਬਾਦ ਨਾ ਕਰੋ।"[3]

ਭਾਰਤੀ ਫਲਸਫ਼ਾ: ਭਾਰਤੀ ਅਧਿਆਤਮਿਕ ਪਰੰਪਰਾਵਾਂ ਵਿੱਚ 84 ਲੱਖ ਜੂਨਾਂ ਦਾ ਸੰਕਲਪ ਹੈ। ਹਿੰਦੂ ਧਰਮ ਅਤੇ ਬੁੱਧ ਧਰਮ ਵਰਗੀਆਂ ਭਾਰਤੀ ਕਲਾਸੀਕਲ ਸੰਸਥਾਵਾਂ ਦੀ ਪਰੰਪਰਾ ਅਨੁਸਾਰ ਮੌਤ ਜੀਵਨ ਦਾ ਅੰਤ ਨਹੀਂ, ਸਗੋਂ ਜਨਮ-ਮੌਤ-ਪੁਨਰ ਜਨਮ ਦਾ ਇਕ ਨਿਰੰਤਰ ਚੱਕਰ ਮੰਨਿਆ ਜਾਂਦਾ ਹੈ।

"ਜਿਸ ਤਰ੍ਹਾਂ ਮਨੁੱਖ ਪੁਰਾਣੇ ਕੱਪੜਿਆਂ ਨੂੰ ਤਿਆਗ ਕੇ ਦੂਸਰੇ ਨਵੇਂ ਕੱਪੜੇ ਪਹਿਨ ਲੈਂਦਾ ਹੈ। ਉਸੇ ਤਰ੍ਹਾਂ ਆਤਮਾ ਪੁਰਾਣੇ ਸਰੀਰਾਂ ਨੂੰ ਤਿਆਗ ਕੇ ਨਵੇਂ ਸਰੀਰਾਂ ਵਿੱਚ ਪ੍ਰਵੇਸ਼ ਕਰ ਜਾਂਦੀ ਹੈ।"

ਸਰੀਰ ਨੂੰ ਨਾਸ਼ਵਾਨ ਮੰਨਿਆ ਜਾਂਦਾ ਹੈ ਜਦਕਿ ਆਤਮਾ ਨੂੰ ਅਮਰ ਮੰਨਿਆ ਜਾਂਦਾ ਹੈ। ਮੌਤ ਉਹ ਸਮਾਂ ਹੈ ਜਦੋਂ ਆਤਮਾ ਸਰੀਰ ਛੱਡ ਕੇ ਦੂਸਰੇ ਸਰੀਰ ਵਿੱਚ ਪ੍ਰਵੇਸ਼ ਕਰਦੀ ਹੈ।

"ਪਰੇਹਿ ਪ੍ਰ ਪਰੇਹਿ ਪਥੋਂ ਨਵਾਨ।" - ਭਾਵ ਤੂੰ ਅੱਗੇ ਜਾ ਨਵੇਂ ਰਸਤਿਆਂ ਤੇ ਤੁਰ।

ਆਤਮਾ ਅਗਲੇ ਜਨਮ ਵਿੱਚ ਕਿਹੋ ਜਿਹੇ ਸਰੀਰ ਵਿੱਚ ਪ੍ਰਵੇਸ਼ ਕਰੇਗੀ, ਇਹ ਮਨੁੱਖ ਦੇ ਕਰਮ ਨਿਰਧਾਰਤ ਕਰਦੇ ਹਨ। ਜੇਕਰ ਕੋਈ ਵਿਅਕਤੀ ਜਨਮ-ਮੌਤ-ਪੁਨਰ ਜਨਮ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਸਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ ਭਾਵ ਉਸਨੂੰ ਮੁਕਤੀ ਮਿਲ ਜਾਂਦੀ ਹੈ।

ਵਕਤ ਦੇ ਨਾਲ ਨਾਲ ਸੰਕਲਪ ਵੀ ਬਦਲਦੇ ਰਹਿੰਦੇ ਹਨ। ਸਮੇਂ ਦੇ ਮੁਤਾਬਕ ਵੇਦਾਂ ਆਧਾਰਤ ਭਾਰਤੀ ਦਰਸ਼ਨ ਵਿਵਹਾਰਿਕ ਜੀਵਨ ਵਿੱਚੋਂ ਲਗਭਗ ਅਲੋਪ ਹੋ ਕੇ ਸਿਰਫ ਆਦਰਸ਼ਵਾਦੀ ਸਿਧਾਂਤਾਂ ਤੱਕ ਮਹਿਦੂਦ ਹੋ ਗਿਆ। ਸਿੱਖ ਗੁਰੂ ਸਾਹਿਬਾਨਾਂ ਨੇ ਪਹਿਲੇ ਵਾਰੀ ਅਧਿਆਤਮਿਕ ਚਿੰਤਨ ਨੂੰ ਮਨੁੱਖੀ ਜੀਵਨ ਦੀ ਰੋਜ਼ਮਰ੍ਹਾ ਦੀਆਂ ਗਤੀਵਿਧੀਆਂ ਨਾਲ ਜੋੜਿਆ। ਉਦਾਹਰਣ ਲਈ ਗੁਰੂ ਨਾਨਕ ਦੇਵ ਜੀ ਨੇ ਵੱਖ ਵੱਖ ਥਾਵਾਂ ਉਪਰ ਜਾ ਕੇ ਵਿਵਹਾਰਕ ਗਤੀਵਿਧੀਆਂ ਰਾਹੀਂ ਲੋਕਾਂ ਨੂੰ ਉਪਦੇਸ਼ ਦਿੱਤਾ। ਗੁਰੂ ਤੇਗ ਬਹਾਦਰ ਜੀ ਨੇ ਇਸ ਪਰੰਪਰਾ ਨੂੰ ਅੱਗੇ ਤੋਰਦਿਆਂ ਅਧਿਆਤਮਿਕਤਾ ਦਾ ਸਮਾਜਿਕ ਸਾਰਥਿਕਤਾ ਨਾਲ ਸੁਮੇਲ ਕੀਤਾ। ਇਸ ਯਤਨ ਵਿੱਚ ਉਹ ਖੁਦ ਵੀ ਰੋਲ ਮਾਡਲ ਸਾਬਤ ਹੋਏ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮੌਤ ਦੀ ਚੇਤਨਾ:

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮੌਤ ਦਾ ਸੰਕਲਪ ਸੰਸਾਰ ਦੀ ਅਸਥਿਰਤਾ ਅਤੇ ਝੂਠੀ ਪ੍ਰਕਿਰਤੀ ਨੂੰ ਸਮਝਣ ਲਈ ਵਰਤਿਆ ਗਿਆ। ਗੁਰੂ ਸਾਹਿਬ ਵਾਰ ਵਾਰ ਮੌਤ ਬਾਰੇ ਚੇਤਨ ਕਰਦੇ ਹੋਏ ਮਨੁੱਖ ਨੂੰ ਸਮਝਾਉਂਦੇ ਹਨ ਕਿ ਜਿਹੜੇ ਸਰੀਰ ਅਤੇ ਸੰਪਤੀ ਦਾ ਉਹ ਮਾਣ ਕਰਦਾ ਹੈ, ਉਹ ਪਲਾਂ ਵਿੱਚ ਨਸ਼ਟ ਹੋਣ ਵਾਲੇ ਹਨ। ਇਸ ਪ੍ਰਕਾਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮੌਤ ਕੇਵਲ ਅੰਤ ਨਹੀਂ, ਸਗੋਂ ਜੀਵਨ ਦੀ ਅਸਲੀਅਤ ਨੂੰ ਸਮਝਣ ਦੀ ਕੁੰਜੀ ਹੈ। ਮੌਤ ਦੇ ਸੰਕਲਪ ਰਾਹੀਂ ਇਸ ਦੁਨੀਆਂ ਦੇ ਪਦਾਰਥਾਂ ਅਤੇ ਮੋਹ ਮਾਇਆ ਦੇ ਨਾਸ਼ਵਾਨ ਚੱਕਰਵਿਊ ਤੋਂ ਮੁਕਤ ਹੋਣ ਦੀ ਪ੍ਰੇਰਨਾ ਮਿਲਦੀ ਹੈ।

ਦੁਨੀਆ ਇੱਕ ਸੁਪਨਾ ਹੈ: ਸੰਸਾਰ ਉਸੇ ਤਰ੍ਹਾਂ ਅਸਥਾਈ ਅਤੇ ਝੂਠਾ ਹੈ ਜਿਵੇਂ ਇੱਕ ਸੁਪਨਾ ਹੁੰਦਾ ਹੈ ਜਾਂ ਕੋਈ ਦੁਨਿਆਵੀ ਨਾਟਕ ਹੁੰਦਾ ਹੈ। ਜਦੋਂ ਮਨੁੱਖ ਜਾਗਦਾ ਹੈ ਤਾਂ ਸੁਪਨਾ ਖ਼ਤਮ ਹੋ ਚੁੱਕਾ ਹੁੰਦਾ ਹੈ। ਅੰਤਿਮ ਸੱਚ ਸਿਰਫ ਪਰਮਾਤਮਾ ਦਾ ਨਾਮ ਹੈ।

ਜਿਉ ਸੁਪਨਾ ਅਰ ਪੇਖਨਾ ਐਸੇ ਜਗ ਕਉ ਜਾਨ।।

ਇਨ ਮੈ ਕਛ ਸਾਚੋ ਨਹੀ ਨਾਨਕ ਬਿਨੁ ਭਗਵਾਨ।। ੧।।

ਮੌਤ ਨਿਸ਼ਚਿਤ ਅਤੇ ਸਦੀਵੀ ਸੱਚ ਹੈ: ਮਨੁੱਖੀ ਸਰੀਰ ਬਹੁਤ ਕੀਮਤੀ ਹੈ ਅਤੇ ਇਹ ਦੁਬਾਰਾ ਨਹੀਂ ਮਿਲਣਾ। ਇਹ ਚੇਤਾਵਨੀ ਮੌਤ ਦੇ ਡਰ ਨੂੰ ਇੱਕ ਪ੍ਰੇਰਨਾ ਵਿੱਚ ਬਦਲ ਦਿੰਦੀ ਹੈ ਕਿਉਂਕਿ ਮੌਤ ਕਿਸੇ ਪਲ ਵੀ ਆ ਸਕਦੀ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਾਨਸ ਦੇਹ ਬਹੁਰਿ ਨ ਪਾਵੈ ਕਛੁ ਉਪਾਉ ਕਰ।।

ਨਾਨਕ ਕਹਤ ਪੁਕਾਰਿ ਕੈ ਪਕੜਿ ਲੇਹੁ ਹਰਿ ਹਰਿ।। ੫੩।।

ਦੁਨਿਆਵੀ ਪਦਾਰਥਾਂ ਦਾ ਮੋਹ ਝੂਠਾ ਹੈ: ਜਿਹੜੇ ਦੁਨਿਆਵੀ ਪਦਾਰਥਾਂ ਦਾ ਮਨੁੱਖ ਬਹੁਤ ਜਿਆਦਾ ਮੋਹ ਕਰਦਾ ਹੈ, ਮੌਤ ਇਸ ਮੋਹ ਨੂੰ ਰੱਦ ਕਰ ਦਿੰਦੀ ਹੈ। ਮੌਤ ਦੇ ਸਾਹਮਣੇ ਸਾਰਾ ਕੁਝ ਝੂਠਾ-ਝੂਠਾ ਲੱਗਦਾ ਹੈ।

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।।

ਕਹੁ ਨਾਨਕ ਥਿਰ ਨਾ ਰਹੈ ਜਿਉ ਬਾਲੂ ਕੀ ਭੀਤ।।

ਸਰੀਰਕ ਬਲ ਅਤੇ ਹੰਕਾਰ ਦੀ ਨਾਸ਼ਮਾਨਤਾ: ਮਨੁੱਖ ਆਪਣੇ ਸਰੀਰ, ਆਪਣੀ ਤਾਕਤ ਅਤੇ ਜਵਾਨੀ 'ਤੇ ਮਾਣ ਕਰਦਾ ਕਰਦਾ ਇਹ ਭੁੱਲ ਜਾਂਦਾ ਹੈ ਕਿ ਇਸ ਸਰੀਰ ਦਾ ਆਖਰੀ ਸੱਚ ਸਿਰਫ ਮੌਤ ਹੈ। ਮੌਤ ਨੇ ਇਸ ਭੌਤਿਕ ਸਰੀਰ ਨੂੰ ਮਿੱਟੀ ਕਰ ਦੇਣਾ ਹੈ।

ਅਸਥਿਰ ਜੋ ਮਾਨਿਓ ਦੇਹ

ਸੋ ਤਉ ਤੇਰਉ ਹੋਇ ਹੈ ਖੇਹ।।

ਦੁਨਿਆਵੀ ਰਿਸ਼ਤੇ ਝੂਠੇ ਹਨ: ਸੰਸਾਰਕ ਰਿਸ਼ਤੇ ਮੋਹ ਅਤੇ ਸੁਆਰਥ ਦੀ ਬੁਨਿਆਦ ਉੱਪਰ ਟਿਕੇ ਹੋਏ ਹੁੰਦੇ ਹਨ। ਮੌਤ ਰੂਪੀ ਬਿਪਤਾ ਸਾਰੇ ਸੰਸਾਰਕ ਰਿਸ਼ਤਿਆਂ ਦੇ ਮੋਹ ਨੂੰ ਝੂਠਾ ਪਾ ਦਿੰਦੀ ਹੈ। ਅੰਤਿਮ ਸਮੇਂ ਮਿੱਤਰ-ਸੰਗੀ ਅਤੇ ਸਾਕ-ਸਬੰਧੀ ਸਾਥ ਦੇਣ ਤੋਂ ਅਸਮਰਥ ਹੁੰਦੇ ਹਨ।

ਸੰਗ ਸਖਾ ਸਭ ਤਜ ਗਏ ਕੋਊ ਨ ਨਿਬਹਿਓ ਸਾਥ।।

ਕਹੁ ਨਾਨਕ ਇਹ ਬਿਪਤਿ ਮੈ ਏਕ ਟੇਕ ਰਘੁਨਾਥ।। ੫੫।।[1]

ਮੌਤ ਦੀ ਚੇਤਨਾ ਦੁਨਿਆਵੀ ਚਿੰਤਾ ਤੋਂ ਮੁਕਤ ਕਰਦੀ ਹੈ: ਗੁਰੂ ਬਾਣੀ ਵਿੱਚ ਮੌਤ ਦਾ ਸੰਕਲਪ ਮਨੁੱਖੀ ਮਨ ਅੰਦਰ ਕੋਈ ਭੈਅ ਨਹੀਂ ਪੈਦਾ ਕਰਦਾ, ਸਗੋਂ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਉਲਝਣਾਂ ਬਾਰੇ ਚਿੰਤਾ ਤੋਂ ਮੁਕਤ ਕਰਵਾਉਂਦਾ ਹੈ। ਚਿੰਤਾ ਉਸ ਚੀਜ਼ ਦੀ ਕਰੀ ਜਾਂਦੀ ਹੈ ਜੋ 'ਅਣਹੋਣੀ' ਹੋਵੇ ਪਰ ਮੌਤ ਤਾਂ 'ਹੋਣੀ' ਹੈ।

ਚਿੰਤਾ ਤਾ ਕੀ ਕੀਜੀਐ ਜੋ ਅਨਹੋਣੀ ਹੋਇ।।

ਇਹ ਮਾਰਗ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ।। ੩੨।।[11]

ਮੌਤ ਦੀ ਚੇਤਨਾ ਸੰਸਾਰ ਦੇ ਸਾਰੇ ਭੈਆਂ ਤੋਂ ਮੁਕਤ ਕਰਦੀ ਹੈ: ਨਿਰਭਉ ਪਦ ਦੀ ਪ੍ਰਾਪਤੀ ਮੌਤ ਦੇ ਸੰਕਲਪ ਦਾ ਅੰਤਿਮ ਟੀਚਾ ਹੈ। ਮੌਤ ਦੇ ਅਟੱਲ ਸੱਚ ਨੂੰ ਸਵੀਕਾਰ ਕਰਨ ਵਾਲੇ ਮਨੁੱਖ ਲਈ ਸੰਸਾਰ ਦੇ ਸਾਰੇ ਭੈਅ ਖਤਮ ਹੋ ਜਾਂਦੇ ਹਨ। ਅਜਿਹਾ ਵਿਅਕਤੀ ਨਾ ਕਿਸੇ ਨੂੰ ਭੈਅ ਦਿੰਦਾ ਹੈ ਅਤੇ ਨਾ ਹੀ ਕਿਸੇ ਦੂਸਰੇ ਦਾ ਡਰ ਮੰਨਦਾ ਹੈ।

ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨਿ।।

ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨਿ।। ੫੬।।[12]

ਗੁਰੂ ਤੇਗ ਬਹਾਦਰ ਬਾਣੀ ਵਿੱਚ ਮੌਤ ਦੇ ਸੰਕਲਪ ਦੀ ਵਿਲੱਖਣਤਾ

ਗੁਰੂ ਤੇਗ ਬਹਾਦਰ ਬਾਣੀ ਵਿੱਚ ਮੌਤ ਦਾ ਸੰਕਲਪ ਮਨੁੱਖੀ ਜੀਵਨ ਨੂੰ ਇੱਕ ਸਕਾਰਾਤਮਕ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ। ਆਪ ਦੀ ਵਿਚਾਰਧਾਰਾ ਮਨੁੱਖ ਨੂੰ ਸਿਰਫ ਵੈਰਾਗ ਵਿੱਚ ਨਹੀਂ ਧੱਕਦੀ, ਸਗੋਂ ਦੁਨਿਆਵੀ ਨਾਸ਼ਮਾਨ ਪਦਾਰਥਾਂ ਦੇ ਜਾਲ ਵਿੱਚੋਂ ਕੱਢ ਕੇ, ਸਾਰਥਿਕ ਕਰਮ ਕਰਕੇ (ਨਾਮ ਨਾਲ ਜੁੜ ਕੇ), ਆਪਣੇ ਜੀਵਨ ਨੂੰ ਸੁਚੱਜਾ ਬਣਾਉਣ ਲਈ ਪ੍ਰੇਰਿਤ ਕਰਦੀ ਹੈ। ਆਪ ਦੀ ਰਚਨਾ ਇੱਕ ਵਿਲੱਖਣ ਕਿਸਮ ਦੇ ਮਨੁੱਖੀ ਮਾਡਲ ਦੀ ਸਥਾਪਨਾ ਕਰਦੀ ਹੈ, ਜੋ:

ਆਤਮਿਕ ਤੌਰ ਤੇ ਮਜਬੂਤ ਹੋਵੇ।

ਭੈਅ ਮੁਕਤ ਹੋਵੇ।

ਹੰਕਾਰ ਤੋਂ ਮੁਕਤ ਹੋਵੇ।

ਦੁਨਿਆਵੀ ਮੋਹ ਤੋਂ ਮੁਕਤ ਹੋ ਕੇ ਵਿਕਾਰਾਂ ਤੋਂ ਮੁਕਤ ਹੋਵੇ।

ਸੰਸਾਰ ਦੀ ਨਾਸ਼ਵਾਨਤਾ ਅਤੇ ਮੌਤ ਦੀ ਅਟੱਲਤਾ ਦੀ ਸੂਝ-ਬੂਝ ਹੀ ਆਪ ਨੂੰ ਦੁਨਿਆਵੀ ਭੈਅ ਤੋਂ ਮੁਕਤ ਕਰਕੇ ਮਨੁੱਖੀ ਅਸਹਿਣਸ਼ੀਲਤਾ ਦੇ ਵਿਰੋਧ ਵਿੱਚ ਆਪ ਨੂੰ ਸ਼ਹਾਦਤ ਦੇਣ ਦਾ ਬਲ ਬਖਸ਼ਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਹਨਾਂ ਦੇ ਮੌਤ ਦੀ ਚੇਤਨਾ ਦੇ ਸੰਕਲਪ ਦੀ ਸਭ ਤੋਂ ਵੱਡੀ ਪ੍ਰਮਾਣਿਕਤਾ ਹੈ, ਜੋ ਮੌਤ ਨੂੰ ਇੱਕ ਭੈਅ ਵਜੋਂ ਨਹੀਂ, ਬਲਕਿ ਇੱਕ ਮਹਾਨ ਆਤਮਿਕ ਜਿੱਤ ਵਜੋਂ ਸਥਾਪਿਤ ਕਰਦੀ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਹਵਾਲਾ ਸੂਚੀ

**ਧਾਰਮਿਕ ਅਤੇ ਦਾਰਸ਼ਨਿਕ ਗ੍ਰੰਥ**


1. ਪਲੈਟੋ (Plato), ਦ ਰਿਪਬਲਿਕ (The Republic), ਅਨੁ. ਜੀ. ਐਮ. ਏ. ਗਰੁਬ, ਹੈਕਟ ਪਬਲਿਸ਼ਿੰਗ ਕੰਪਨੀ, 1992
2. ਐਪੀ ਕਿਊਰਸ (Epicurus), "Letter to Menoeceus." .
3. ਔਰੇਲੀਅਸ, ਮਾਰਕਸ (Marcus Aurelius),Meditations: A New Translations ਅਨੁ. ਰੌਬਿਨ ਹਾਰਡ, ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, 1996
4. ਭਾਗਵਤ ਗੀਤਾ, ਅਧਿਆਇ- ਦੂਸਰਾ, ਸੰਖਿਆ ਯੋਗ, ਅਨੁ. ਅਤੇ ਸੰਪਾ. ਸਾਹਿਬ ਸਿੰਘ, ਭਗਵਤ ਗੀਤਾ (ਸਟੀਕ)।
5. ਰਿਗਵੇਦ, ਮੰਡਲ-ਦਸਵਾਂ, ਅਨੁ. ਜੁਝਾਰ ਸਿੰਘ ਅਜ਼ਾਦ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

ਸਿੱਖ ਧਰਮ ਗ੍ਰੰਥ

6. ਸ੍ਰੀ ਗੁਰੂ ਤੇਗ ਬਹਾਦੁਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਮਹਲਾ ੯, ਪੰਨਾ ੧੪੨੭, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਪ੍ਰਕਾਸ਼ਨ), ਸ੍ਰੀ ਅੰਮ੍ਰਿਤਸਰ।
7. ਸ੍ਰੀ ਗੁਰੂ ਤੇਗ ਬਹਾਦੁਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਮਹਲਾ ੯, ਪੰਨਾ ੧੪੨੯, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਪ੍ਰਕਾਸ਼ਨ), ਸ੍ਰੀ ਅੰਮ੍ਰਿਤਸਰ।
8. ਸ੍ਰੀ ਗੁਰੂ ਤੇਗ ਬਹਾਦੁਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਮਹਲਾ ੯, ਪੰਨਾ ੧੪੨੭, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਪ੍ਰਕਾਸ਼ਨ), ਸ੍ਰੀ ਅੰਮ੍ਰਿਤਸਰ।
9. ਸ੍ਰੀ ਗੁਰੂ ਤੇਗ ਬਹਾਦੁਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਮਹਲਾ ੯, ਪੰਨਾ ੧੪੨੮, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਪ੍ਰਕਾਸ਼ਨ), ਸ੍ਰੀ ਅੰਮ੍ਰਿਤਸਰ।
10. ਸ੍ਰੀ ਗੁਰੂ ਤੇਗ ਬਹਾਦੁਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਮਹਲਾ ੯, ਪੰਨਾ ੧੪੨੯, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਪ੍ਰਕਾਸ਼ਨ), ਸ੍ਰੀ ਅੰਮ੍ਰਿਤਸਰ।
11. ਸ੍ਰੀ ਗੁਰੂ ਤੇਗ ਬਹਾਦੁਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਮਹਲਾ ੯, ਪੰਨਾ ੧੪੨੯, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਪ੍ਰਕਾਸ਼ਨ), ਸ੍ਰੀ ਅੰਮ੍ਰਿਤਸਰ।
12. ਸ੍ਰੀ ਗੁਰੂ ਤੇਗ ਬਹਾਦੁਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਲੋਕ ਮਹਲਾ ੯, ਪੰਨਾ ੧੪੨੯, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਪ੍ਰਕਾਸ਼ਨ), ਸ੍ਰੀ ਅੰਮ੍ਰਿਤਸਰ।



© Copyright @ Authors